JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

ਪਾਕਿਸਤਾਨ ਦੇ ਗੁਰਦੁਆਰਿਆਂ ਦੀ ਵਰਤਮਾਨ ਪ੍ਰਸੰਗਿਕਤਾ

Sri Guru Granth Sahib Bhawan,
(Punjabi University Patiala),

ਹਰ ਇੱਕ ਮਜ਼ਬੂਬ, ਧਰਮ ਅਤੇ ਕੌਮ ਦੀ ਹੋਂਦ ਉਸ ਦੇ ਇਤਿਹਾਸ ਨਾਲ ਜੁੜੀ ਹੁੰਦੀ ਹੈ। ਇੱਥੇ ਇੱਕ ਗੱਲ ਧਿਆਨ ਯੋਗ ਇਹ ਵੀ ਹੈ ਕਿ ਪਿਛਲੀਆਂ ਵਾਪਰੀਆਂ ਮਹਾਨ ਘਟਨਾਵਾਂ ਨੂੰ ਇੰਨ-ਬਿੰਨ ਹੀ ਬਿਆਨ ਕਰਨਾ, ਜਿਵੇਂ ਉਹ ਵਾਪਰੀਆਂ ਹੁੰਦੀਆਂ ਹਨ, ਨੂੰ ਹੀ ਇਤਿਹਾਸ ਕਹਿੰਦੇ ਹਨ। ਕਿਸੇ ਵੀ ਧਰਮ ਅੰਦਰ ਸੰਸਥਾਵਾਂ ਦਾ ਬਹੁਤ ਮਹੱਤਵਪੂਰਨ ਸਥਾਨ ਹੁੰਦਾ ਹੈ ਅਤੇ ਉਹ ਧਰਮ ਦੇ ਮੁਢਲੇ ਸਿਧਾਂਤਾਂ ਦਾ ਪ੍ਰਤੀਕ ਵੀ ਹੁੰਦੀਆਂ ਹਨ। ਧਰਮ ਦੀ ਇੱਕ ਅਹਿਮ ਸੰਸਥਾ ਹੋਣ ਦੇ ਨਾਲ ਨਾਲ ਗੁਰੂ ਦਾ ਅਗੰਮੀ ਸਥਾਨ ਵੀ ਹੈ। ਸਿੱਖ ਭਾਈਚਾਰੇ ਨੇ ਦੇਸ਼ ਦੀ ਆਜ਼ਾਦੀ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਹੈ। 1947 ਨੂੰ ਭਾਰਤ ਪਾਕਿ ਵੰਡ ਨੇ ਸਿਰਫ ਦੋ ਦੇਸ਼ਾਂ ਦਾ ਹੀ ਬਟਵਾਰਾ ਨਹੀਂ ਕੀਤਾ ਸਗੋਂ ਧਰਮੀ ਲੋਕਾਂ ਨੂੰ ਆਪਣੇ ਧਾਰਮਿਕ ਅਦਾਰਿਆਂ ਤੋਂ ਵੀ ਸੱਖਣਾ ਹੋਣਾ ਪਿਆ ਹੈ। ਜਿਨ੍ਹਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਸਨ। ਇਸ ਵਖਰੇਵੇਂ ਨੇ ਮਨੁੱਖੀ ਭਾਈਚਾਰੇ ਵਿਚ ਧਾਰਮਿਕ ਫਿਰਕਾ ਪ੍ਰਸਤੀ ਨੂੰ ਵਧਾਵਾ ਦਿੱਤਾ। ਪਾਕਿਸਤਾਨ ਵਿੱਚ ਰਹਿੰਦੇ ਸਿੱਖਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਜਿਆਦਾਤਰ ਪਿੰਡਾਂ ਵਿੱਚ ਰਹਿੰਦੇ ਸੀ ਤੇ ਪਾਕਿਸਤਾਨੀ ਪੰਜਾਬ ਦੇ ਸਾਰੇ ਇਲਾਕੇ ਵਿੱਚ ਫੈਲੇ ਹੋਏ ਸਨ ਜਿਸਦਾ ਕੁਲ ਖੇਤਰਫਲ 205,344 ਵਰਗ ਕਿਲੋਮੀਟਰ ਸੀ। ਜਦੋਂ 1947 ਵਿੱਚ ਸਿੱਖਾਂ ਨੂੰ ਮਜਬੂਰ ਹੋ ਕੇ ਪਾਕਿਸਤਾਨ ਛੱਡਣਾ ਪਿਆ ਤਾਂ ਉੱਥੋਂ ਦੇ ਗੁਰਦੁਆਰੇ ਉਨ੍ਹਾਂ ਕੋਲੋਂ ਸਦਾ ਲਈ ਛੁੱਟ ਗਏ। ਇਨ੍ਹਾਂ ਉੱਪਰ ਕਈ ਮੁਸਲਮਾਨ ਪਰਿਵਾਰਾਂ ਨੇ ਆਪਣਾ ਅਧਿਕਾਰ ਜਮਾ ਲਿਆ। ਵੰਡ ਤੋਂ ਬਾਅਦ ਜਦ ਸਥਿਤੀ ਸ਼ਾਂਤ ਹੋ ਗਈ ਤਾਂ ਇੱਥੋਂ ਜਾ ਚੁਕੇ ਲੋਕਾਂ ਦੀ ਜਾਇਦਾਦ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਔਕਾਫ਼ ਬੋਰਡ ਨੇ ਲੈ ਲਈ। ਪਾਕਿਸਤਾਨ ਦੇ ਗੁਰਦੁਆਰਿਆਂ ਦੀ ਦੇਖਭਾਲ ਕਰਨ ਲਈ 1998 ਵਿੱਚ ਪਾਕਿਸਤਾਨ ਦੀ ਸਰਕਾਰ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ। ਜਿਸ ਦਾ ਪ੍ਰਮੁੱਖ ਕੰਮ ਪਾਕਿਸਤਾਨ ਦੇ ਇਤਿਹਾਸਿਕ ਗੁਰਦੁਆਰਿਆਂ ਦੀ ਗੁਰ ਮਰਿਯਾਦਾ ਅਨੁਸਾਰ ਸੁਚੱਜੇ ਢੰਗ ਨਾਲ ਦੇਖਭਾਲ ਕਰਨਾ ਸੀ। ਕੁਝ ਮਹੱਤਵਪੂਰਨ ਗੁਰਦੁਆਰਿਆਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:-

1. **ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ:-** "ਮਹਿਤਾ ਕਾਲੂ ਦੇ ਘਰ ਤ੍ਰਿਪਤਾ ਜੀ ਦੀ ਕੁੱਖ ਤੋਂ ਸੰਮਤ 1526 ਕੱਤਕ ਦਿਨ 13 ਵੀਰਵਾਰ ਪੂਰਨਮਾਸ਼ੀ ਦੀ ਤਿਥੀ ਨੂੰ ਸਵਾ ਪਹਿਰ ਰਾਤ ਰਹਿੰਦੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ। ਸਤਿਗੁਰੂ ਜੀ ਅਨੇਕ ਤਰ੍ਹਾਂ ਦੀ ਬਾਲ ਅਵਸਥਾ ਵਿਚ ਚੋਜ ਕਰਦੇ ਅਤੇ ਜਗਤ ਦੇ ਕੁੱਲ ਬਾਲਕਾਂ ਨਾਲੋਂ ਅਨੋਖੀਆਂ ਖੇਡਾਂ ਖੇਡਦੇ ਜਦੋਂ ਸੱਤ ਬਰਸ ਦੇ ਹੋਏ ਤਾਂ ਪਿਤਾ ਨੇ ਪਾਂਧੇ ਦੇ ਪਾਸ ਪੜ੍ਹਨੇ ਪਾਏ, ਪਾਂਧੇ ਨੂੰ **(ਜਾਲਿ ਮੋਹੁ ਘਸਿ ਮਸੁ ਕਰਿ)** ਪਵਿੱਤ੍ਰ ਮਹਾਂਵਾਕ ਦਾ ਉਪਦੇਸ਼ ਕੀਤਾ, ਉਪ੍ਰੰਤ ਮੁੱਲਾਂ ਪਾਸ ਪੜ੍ਹਨੇ ਪਾਏ।"[1] "ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਲਗ-ਭਗ 130 ਸਾਲ ਬਾਅਦ, 1600 ਈ. ਦੇ ਆਸ-ਪਾਸ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨਨਕਾਣਾ ਸਾਹਿਬ ਆਏ ਸਨ। ਉਨ੍ਹਾਂ ਨੇ ਇਸ ਅਸਥਾਨ ਦੀ ਨਿਸ਼ਾਨਦੇਹੀ ਕੀਤੀ ਜਿੱਥੇ ਗੁਰੂ ਜੀ ਦਾ ਜਨਮ ਹੋਇਆ। ਫਿਰ ਉਨ੍ਹਾਂ ਨੇ ਇੱਥੇ ਗੁਰਦੁਆਰਾ ਜਨਮ ਅਸਥਾਨ ਸਾਹਿਬ ਬਣਵਾਇਆ।"[2] ਇਸ ਦੀ ਮੌਜੂਦਾ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਅਧੀਨ ੧੮੧੯- ੨੦ ਵਿੱਚ ਬਣੀ ਸੀ । ਚੌਖੰਡੀ ਦੇ ਬਾਹਰ ਸਾਹਮਣੇ ਖੁੱਲਾ ਬਰਾੜਾ ਹੈ ਜਿਸ ਨੂੰ ਬਹਾਦਰੀ ਦਾ ਨਾਮ ਦਿੱਤਾ ਗਿਆ ਹੈ, ਇਹ ਮਹੰਤ ਸਾਧੂ ਰਾਮ ਨੇ ਬਣਵਾਈ ਸੀ ਅਤੇ ਆਲੇ ਦੁਆਲੇ ਦਾ ਅਹਾਤਾ, ਦਰਸ਼ਨੀ ਡਿਉੜੀ ਦੇ ਉੱਪਰ ਦਾ ਹਿੱਸਾ ਅਤੇ ਬੁਰਜ ਗੁਰਦੁਆਰਾ ਕਮੇਟੀ ਨੇ ਬਣਵਾਏ। ਸਰੋਵਰ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੀ ਹੋਈ।"[3] ਬਾਹਰਲੀ ਇਮਾਰਤ ਜਿਸ ਨੂੰ ਦਰਸ਼ਨੀ ਡਿਉਢੀ ਕਿਹਾ ਜਾਂਦਾ ਹੈ, ਇਹ ਜਨਮ ਅਸਥਾਨ ਦੇ ਸਾਹਮਣੇ ਲਗਪਗ ਸੌ ਫੁੱਟ ਦੀ ਦੂਰੀ 'ਤੇ ਹੈ। ਇਸ ਇਮਾਰਤ ਨੂੰ 1830 ਵਿਚ ਮਹਾਨ ਸਿੱਖ ਰਾਜੇ, ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਇਆ ਗਿਆ ਸੀ। ਇਹ ਕਲਾ ਦਾ ਇਕ ਸੁੰਦਰ ਨਮੂਨਾ ਹੈ। ਇਹ ਦੋ-ਮੰਜ਼ਲਾ ਇਮਾਰਤ ਹੈ ਤੇ ਇਸ ਦਾ ਦਰਵਾਜ਼ਾ ਵਿਚਕਾਰ ਰੱਖਿਆ ਹੋਇਆ ਹੈ। ਇਹ ਵੱਡੀ ਇਮਾਰਤ ਜਨਮ ਅਸਥਾਨ ਗੁਰਦੁਆਰੇ ਦੀ ਸ਼ਾਨ ਨੂੰ ਵਧਾਉਂਦੀ ਹੈ। ਦਰਸ਼ਨੀ ਡਿਉਢੀ ਉੱਤੇ ਨਵੇਂ ਬਣੇ ਨਨਕਾਣਾ ਸਾਹਿਬ ਜ਼ਿਲ੍ਹੇ ਦਾ ਨਿਸ਼ਾਨ ਚਿੰਨ (ਲੋਗੋ) ਬਣਾਇਆ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਦੇ ਆਲੇ-ਦੁਆਲੇ ਮਿੱਟੀ ਦੀ ਦੀਵਾਰ ਬਣਾ ਦਿੱਤੀ ਤੇ ਗੁਰਦੁਆਰੇ ਦੇ ਅੰਦਰ ਪ੍ਰਵੇਸ਼ ਦੁਆਰ ਦੇ ਨੇੜੇ ਇਕ ਸਰੋਵਰ ਵੀ ਬਣਵਾਇਆ।"[4]

ਅਜੋਕੇ ਸਮੇਂ ਦੌਰਾਨ ਗੁਰਦੁਆਰਾ ਜਨਮ ਅਸਥਾਨ ਦੇ ਮੁੱਖ ਗ੍ਰੰਥੀ ਗਿਆਨੀ ਦਇਆ ਸਿੰਘ, ਗਿਆਨੀ ਬਲਵੰਤ ਸਿੰਘ ਤੇ ਗਿਆਨੀ ਪ੍ਰੇਮ ਸਿੰਘ ਜੀ ਹਨ। "ਗਿਆਨੀ ਦਇਆ ਸਿੰਘ ਜੀ ਨੂੰ ਗ੍ਰੰਥੀ ਦੀ ਡਿਊਟੀ ਕਰਦਿਆਂ 25 ਸਾਲ ਹੋ ਗਏ ਹਨ। 22 ਫਰਵਰੀ 2024 ਨੂੰ ਪ੍ਰਧਾਨ ਦੀ ਚੋਣ ਲਈ ਕਾਰਵਾਈ ਕੀਤੀ ਗਈ ਤੇ 6-7 ਮਾਰਚ 2024 ਨੂੰ ਸਰਦਾਰ ਰਮੇਸ਼ ਸਿੰਘ ਅਰੋੜਾ ਪ੍ਰਧਾਨ ਚੁਣੇ ਗਏ। ਪ੍ਰਧਾਨ ਦਾ ਕਾਰਜਕਾਲ

ਤਿੰਨ ਸਾਲ ਦਾ ਹੁੰਦਾ ਹੈ। ਪਾਕਿਸਤਾਨ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁੱਲ 10 ਮੈਂਬਰ ਹੁੰਦੇ ਹਨ। ਜਿਨ੍ਹਾਂ 'ਚੋਂ ਇੱਕ ਪ੍ਰਧਾਨ, ਇੱਕ ਜਰਨਲ ਸੈਕਟਰੀ ਤੇ 8 ਮੈਂਬਰ ਜੋ ਕਿ ਚਾਰ ਸਟੇਟਾਂ ਤੋਂ ਤਿੰਨ ਪੰਜਾਬ ਦੇ, ਦੋ ਪਿਸ਼ਾਵਰ ਦੇ, ਦੋ ਸਿੰਧ ਦੇ ਅਤੇ ਇੱਕ ਬਲੋਚਿਸਤਾਨ ਤੋਂ ਹੁੰਦੇ ਹਨ। ਸਾਰਾ ਪ੍ਰਬੰਧ ਇਸ ਕਮੇਟੀ ਅਧੀਨ ਹੁੰਦਾ ਹੈ। ਗੁਰਦੁਆਰਾ ਜਨਮ ਸਥਾਨ ਦੇ ਨਾਮ 19505 ਏਕੜ ਜਮੀਨ ਹੈ ਪ੍ਰੰਤੂ ਕਾਗਜੀ ਕਾਰਵਾਈ 'ਚ 18750 ਏਕੜ ਜਮੀਨ ਹੈ। ਰਾਏ ਬੁਲਾਰ ਜੀ ਨੇ 650 ਮੁਰੱਬੇ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਕੀਤੇ ਸਨ। ਭਾਰਤ ਦੇ ਵਕਫ ਬੋਰਡ ਨਾਲੋਂ ਵਧੇਰੇ ਤਾਕਤਵਰ ਪਾਕਿਸਤਾਨ ਦਾ ਔਕਾਫ਼ ਬੋਰਡ ਹੈ। ਵਕਫ ਦਾ ਬਹੁਵਚਨ ਔਕਾਫ਼ ਹੈ। ਇਸ ਔਕਾਫ਼ ਬੋਰਡ ਦੇ ਦੋ ਸਿੱਖ ਮੈਂਬਰ ਜਰੂਰ ਹੁੰਦੇ ਹਨ। ਹੁਣ ਸਰਦਾਰ ਕਿਰਪਾਲ ਸਿੰਘ ਪੰਜਾਬ (ਪਾਕਿਸਤਾਨ) ਅਤੇ ਸਰਦਾਰ ਪ੍ਰਤਾਪ ਸਿੰਘ ਪਿਸ਼ਾਵਰ (ਪਾਕਿਸਤਾਨ) ਤੋਂ ਇਸ ਬੋਰਡ ਦੇ ਮੈਂਬਰ ਹਨ। ਵੰਡ ਤੋਂ ਲੈ ਕੇ 1999 ਤੱਕ ਸਿਰਫ ਤਿੰਨ ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ ਹੁੰਦੇ ਸਨ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ, ਸ੍ਰੀ ਡੇਹਰਾ ਸਾਹਿਬ ਲਾਹੌਰ, ਸ੍ਰੀ ਪੰਜਾ ਸਾਹਿਬ।"[5]

"ਗੁਰਦੁਆਰਾ ਜਨਮ ਅਸਥਾਨ ਦੀ ਬਾਹਰਲੀ ਇਮਾਰਤ ਜਿਸ ਨੂੰ ਦਰਸ਼ਨੀ ਡਿਉਢੀ ਕਿਹਾ ਜਾਂਦਾ ਹੈ, ਇਹ ਜਨਮ ਅਸਥਾਨ ਦੇ ਸਾਹਮਣੇ ਲਗਪਗ 100 ਫੁੱਟ ਦੀ ਦੂਰੀ 'ਤੇ ਹੈ। ਇਸ ਇਮਾਰਤ ਨੂੰ 1830 ਵਿੱਚ ਮਹਾਨ ਸਿੱਖ ਰਾਜੇ, ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਇਆ ਗਿਆ ਸੀ। ਇਹ ਕਲਾ ਦਾ ਇੱਕ ਸੁੰਦਰ ਨਮੂਨਾ ਹੈ। ਇਹ ਦੋ ਮੰਜਿਲਾ ਇਮਾਰਤ ਹੈ ਤੇ ਇਸ ਦਾ ਦਰਵਾਜਾ ਵਿਚਕਾਰ ਰੱਖਿਆ ਹੋਇਆ ਹੈ। ਗੁਰਦੁਆਰੇ ਦੇ ਅੰਦਰ ਪ੍ਰਵੇਸ਼ ਦੁਆਰ ਦੇ ਨੇੜੇ ਇੱਕ ਸਰੋਵਰ ਵੀ ਬਣਵਾਇਆ।"[6] "ਪਾਕਿਸਤਾਨ ਦੇ ਔਕਾਫ਼ ਬੋਰਡ ਨੇ 1985 ਈ. ਵਿੱਚ 'ਬੀਬੀ ਨਾਨਕੀ ਬਲਾਕ' ਬਣਵਾਇਆ, ਇਸ ਬਲਾਕ ਵਿੱਚ ਯਾਤਰੀਆਂ ਦੇ ਵਿਸ਼ਰਾਮ ਲਈ 150 ਕਮਰੇ ਹਨ। ਇਸ ਦੀ ਦੁਬਾਰਾ ਤਿਆਰੀ ਕਰਕੇ 2 ਸਤੰਬਰ 2008 ਨੂੰ ਅਵੈਕਿਊਈ ਟ੍ਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਰਿਟਾਇਰਡ ਮੇਜਰ ਜਨਰਲ ਮੁਹੰਮਦ ਜਵੀਦ ਨੇ ਖੋਲ੍ਹਿਆ। 'ਮਾਤਾ ਤ੍ਰਿਪਤਾ' ਤੇ 'ਬਾਬਾ ਕਾਲੂ' ਨਾਂ ਦਾ ਬਲਾਕ 2003 ਵਿੱਚ ਖੋਲ੍ਹਿਆ ਗਿਆ, ਜਿਸ ਦੇ 96 ਕਮਰੇ ਹਨ।"[7]

2. ਗੁਰਦੁਆਰਾ ਬਾਲ ਲੀਲ੍ਹਾ ਸਾਹਿਬ:- ਗੁਰੂ ਨਾਨਕ ਸਾਹਿਬ ਜੀ ਨੇ ਨਨਕਾਣਾ ਸਾਹਿਬ ਦੀਆਂ ਗਲੀਆਂ ਵਿੱਚ ਆਪਣਾ ਬਚਪਨ ਬਤੀਤ ਕੀਤਾ। ਆਪਣੀ ਉਮਰ ਦੇ ਸਾਥੀਆਂ ਨਾਲ ਖੇਡਾਂ ਖੇਡਦੇ ਸਨ। ਉਹਨਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਆਪਣੀ ਹਦੂਦ ਅੰਦਰ ਸਭ ਕੁਝ ਸਮੋਈ ਬੈਠਾ ਹੈ। "ਗਿਆਨੀ ਸੁਖਬੀਰ ਸਿੰਘ ਅੱਠ ਸਾਲ ਤੋਂ ਗ੍ਰੰਥੀ ਦੀ ਡਿਊਟੀ ਨਿਭਾ ਰਹੇ ਹਨ। ਸਵੇਰੇ ਪੰਜ ਬਾਣੀਆਂ ਦੇ ਨਿਤਨੇਮ ਤੇ ਨਾਲ ਆਸਾ ਦੀ ਵਾਰ ਦੇ ਛੇ-ਛੇ ਸਲੋਕਾਂ ਦਾ ਕੀਰਤਨ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਤੇ ਆਰਤੀ ਕਰਦੇ ਹਨ। ਚੰਦਰਕੋਟ ਨਹਿਰ ਜੋ ਕਿ 1947 ਦੀ ਵੰਡ ਤੋਂ ਪਹਿਲਾਂ ਇੱਕ ਕਿਲੋਮੀਟਰ ਦੀ ਦੂਰੀ ਤੇ ਸ੍ਰੀ ਨਨਕਾਣਾ ਸਾਹਿਬ ਤੋਂ ਵਗਦੀ ਸੀ ਅਜੋਕੇ ਸਮੇਂ ਦੌਰਾਨ ਇਹ ਨਹਿਰ 13 ਕਿਲੋਮੀਟਰ ਦੂਰ ਚਲੀ ਗਈ ਹੈ। ਪਹਿਲਾਂ ਪਾਣੀ ਗੁਰਦੁਆਰਾ ਕਿਆਰਾ ਸਾਹਿਬ ਤੇ ਫਿਰ ਜਨਮ ਅਸਥਾਨ ਨਨਕਾਣਾ ਸਾਹਿਬ ਤੇ ਬਾਲ ਲੀਲਾ ਸਾਹਿਬ ਜਾਂਦਾ ਸੀ। ਗੁਰਦੁਆਰਾ ਸਾਹਿਬ ਦੇ ਸਰੋਵਰ ਦੇ ਵਿੱਚ ਹੁਣ ਪਾਣੀ ਨਹੀਂ ਹੈ।"[8]

ਇਹ ਅਸਥਾਨ ਗੁਰਦੁਆਰਾ ਜਨਮ ਅਸਥਾਨ ਤੋਂ ਕੋਈ ੨੨੫ ਮੀਟਰ ਦੀ ਵਿੱਥ ਉੱਤੇ ਪੂਰਬ ਦੱਖਣ ਦੇ ਰੁਖ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਬਾਲਪਨ ਦੀਆਂ ਖੇਡਾਂ ਖੇਡਣ ਦਾ ਅਸਥਾਨ ਹੈ । ਗੁਰਦੁਆਰੇ ਦੇ ਪੂਰਬ ਵੱਲ ਇੱਕ ਤਾਲ ਹੈ ਜੋ ਗੁਰੂ ਸਾਹਿਬ ਦੇ ਨਾਮ ਉੱਪਰ ਰਾਏ ਬੁਲਾਰ ਜੀ ਨੇ ਖੁਦਵਾਇਆ ਸੀ । ਇਸ ਦੀ ਪਹਿਲੀ ਇਮਾਰਤ ਅਤੇ ਨਾਲ ਲਗਦੇ ਕੱਚੇ ਸਰੋਵਰ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਨਾਲ ਬਾਬਾ ਗੁਰਬਖਸ਼ ਸਿੰਘ ਜੀ ਨੇ ਸੰਨ ੧੮੨੦-੨੧ ਵਿੱਚ ਪੱਕਾ ਕਰਵਾਇਆ।[9] ਬਾਲ ਲੀਲ੍ਹਾ ਗੁਰਦੁਆਰੇ ਦੀ ਚਰਦੀਵਾਰੀ ਅੰਦਰ ਇੱਕ ਕੋਨੇ ਵਿਚ ਇੱਕ ਛੋਟੀ ਜਿਹੀ ਇਮਾਰਤ ਬਣਾਈ ਗਈ। ਇੱਥੇ ਰੋਜ਼ਾਨਾ ਪਾਠ ਕੀਤਾ ਜਾਂਦਾ ਹੈ। ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਦੇ ਪਿਛਲੇ ਪਾਸੇ ਇੱਕ ਸਰੋਵਰ ਹੈ ਜਿਹੜਾ ਹੁਣ ਸੁੱਕਾ ਪਿਆ ਹੈ। ਸਰੋਵਰ ਅੰਦਰ ਜਾਣ ਲਈ ਬਾਬਾ ਗੁਰਮੁਖ ਸਿੰਘ ਨੇ ਪੱਕੀਆਂ ਪੌੜੀਆਂ ਬਣਵਾਈਆਂ ਸੀ। ਗੁਰਦੁਆਰਾ ਸਾਹਿਬ ਦੇ ਬਾਹਰ ਉਨ੍ਹਾਂ ਨੇ ਚਾਰਦੀਵਾਰੀ ਵੀ ਕਰਵਾਈ ਸੀ।[10]

3. ਗੁਰਦੁਆਰਾ ਪੱਟੀ ਸਾਹਿਬ:- ਗੁਰਦੁਆਰਾ ਪੱਟੀ ਸਾਹਿਬ ਜੋ ਕਿ ਗੁਰਦੁਆਰਾ ਜਨਮ ਅਸਥਾਨ ਦੇ ਬਿਲਕੁਲ ਨੇੜੇ ਹੈ। ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਨੇ ਬਚਪਨ ਵਿੱਚ ਪੜਨਾ-ਲਿਖਣਾ ਲੱਕੜ ਦੀ ਪੱਟੀ ਉਤੇ ਸਿੱਖਿਆ ਸੀ, ਜਿਸ ਨੂੰ 'ਪੱਟੀ' ਕਿਹਾ ਜਾਂਦਾ ਹੈ। "ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਇੱਥੇ ਗੁਰਦੁਆਰਾ ਬਣਾਇਆ ਗਿਆ। ਦੇਸ਼ ਦੀ ਵੰਡ ਤੋਂ ਬਾਅਦ ਗੁਰਦੁਆਰਾ 30 ਸਾਲ ਤੱਕ ਬੰਦ ਰਿਹਾ। ਇਸ ਨੂੰ ਕਾਨੂੰਨੀ ਤੌਰ 'ਤੇ 1980 ਈ. ਵਿੱਚ ਖੋਲ੍ਹਿਆ ਗਿਆ। ਗੁਰਦੁਆਰੇ ਦਾ ਵੱਡਾ ਹਾਲ ਸਿੱਖ ਬੱਚਿਆਂ ਨੂੰ ਪੰਜਾਬੀ ਭਾਸ਼ਾ ਗੁਰਮੁਖੀ ਲਿਪੀ ਪੜ੍ਹਾਉਣ ਲਈ ਵਰਤਿਆ ਜਾ ਰਿਹਾ ਹੈ।"[11]

4. ਗੁਰਦੁਆਰਾ ਮਾਲ ਜੀ ਸਾਹਿਬ:- ਗੁਰੂ ਨਾਨਕ ਸਾਹਿਬ ਜੀ ਬਚਪਨ ਦੇ ਸਾਥੀਆਂ ਨਾਲ ਖੇਡਦੇ-ਖੇਡਦੇ ਵਣ ਦੇ ਦਰੱਖਤ ਦੀ ਸੰਘਣੀ ਛਾਂ ਹੇਠ ਸੌਂ ਗਏ। ਕੜਕਦੀ ਧੁੱਪ ਚਿਹਰੇ 'ਤੇ ਪੈ ਰਹੀ ਸੀ। ਫਨੀਅਰ ਸੱਪ ਨੇ ਗੁਰੂ ਨਾਨਕ ਸਾਹਿਬ ਜੀ ਦੇ ਚਿਹਰੇ ਨੂੰ ਧੁੱਪ ਤੋਂ ਬਚਾਉਂਦੇ ਆਪਣੀ ਫਨ ਨਾਲ ਛਾਂ ਕਰ ਦਿੱਤੀ। "ਅਜੋਕੇ ਸਮੇਂ ਦੌਰਾਨ ਗਿਆਨੀ ਹਰਚਰਨ ਸਿੰਘ ਅੱਠ ਸਾਲ ਤੋਂ ਗੁਰਦੁਆਰਾ ਮਾਲ ਜੀ ਸਾਹਿਬ ਵਿਖੇ ਮੈਨੇਜਰ ਦੀ ਡਿਊਟੀ, ਗਿਆਨੀ ਬਖਸ਼ੀਸ਼ ਸਿੰਘ ਜੀ 12 ਸਾਲ ਤੋਂ ਗ੍ਰੰਥੀ ਦੀ ਡਿਊਟੀ ਨਿਭਾ ਰਹੇ ਹਨ। ਕਾਫੀ ਸਮਾਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਸਰੋਵਰ ਵਾਲੀ ਜਗ੍ਹਾ ਤੇ ਕਬਜ਼ਾ ਕਰ ਲਿਆ ਸੀ, ਇਹ ਜਗ੍ਹਾ ਅਜੇ ਵੀ ਗੁਰਦੁਆਰਾ ਸਾਹਿਬ ਦੀ ਚਾਰ ਦੁਆਰੀ ਤੋਂ ਪਾਸੇ ਹੈ।"[12]

"1947 ਦੀ ਵੰਡ ਵੇਲੇ ਗੁਰਦੁਆਰਾ ਸਾਹਿਬ ਨੂੰ ਬੰਦ ਕਰ ਦਿੱਤਾ ਗਿਆ ਪਰੰਤੂ 2013 ਈਸਵੀ ਵਿੱਚ ਸਥਾਨਕ ਸਿੱਖ ਸੰਗਤ ਦੀ ਗਿਣਤੀ ਕਾਫੀ ਹੋਣ ਕਾਰਨ ਗੁਰਦੁਆਰੇ ਨੂੰ ਖੋਲ੍ਹਣ ਦਾ ਫੈਸਲਾ ਕੀਤਾ ਗਿਆ। ਸਵੇਰੇ-ਸ਼ਾਮ ਇੱਥੇ ਪਾਠ ਕੀਤਾ ਜਾਂਦਾ ਹੈ। ਜਿਸ ਜਗ੍ਹਾ ਉਪਰ ਸਰੋਵਰ ਬਣਿਆ ਹੋਇਆ ਸੀ, ਇਸ ਜਗ੍ਹਾ ਉੱਪਰ ਸਥਾਨਕ ਮੁਸਲਮਾਨਾਂ ਨੇ ਕਬਜ਼ਾ ਕਰ ਲਿਆ ਕਿਉਂਕਿ ਦੇਸ਼ ਦੀ ਵੰਡ ਤੋਂ ਬਾਅਦ ਇੱਥੇ ਕੋਈ ਵੀ

ਸਿੱਖ ਨਹੀਂ ਰਿਹਾ ਸੀ। ਹੁਣ ਇੱਥੇ ਇੱਕ ਮਸਜਿਦ ਤੇ ਮਦਰੱਸਾ (ਧਾਰਮਿਕ ਸਕੂਲ) ਬਣਿਆ ਹੋਇਆ ਹੈ। ਗੁਰਦੁਆਰੇ ਦਾ ਪ੍ਰਬੰਧ ਔਕਾਫ਼ ਬੋਰਡ ਕੋਲ ਹੈ।"[13]

5. **ਗੁਰਦੁਆਰਾ ਕਿਆਰਾ ਸਾਹਿਬ:-** ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਨਨਕਾਣਾ ਸਾਹਿਬ ਵਿਚ ਇਹ ਛੇਵਾਂ ਗੁਰਦੁਆਰਾ ਹੈ। ਇਹ ਜਨਮ ਅਸਥਾਨ ਗੁਰਦੁਆਰੇ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਨਵੇਂ ਬੱਸ ਸਟੈਂਡ ਦੇ ਨੇੜੇ ਹੈ।[14] ਗੁਰੂ ਨਾਨਕ ਸਾਹਿਬ ਜੀ ਪਿਤਾ ਜੀ ਦੀ ਆਗਿਆ ਅਨੁਸਾਰ ਗਊਆਂ-ਮੱਝਾਂ ਚਾਰਨ ਲਈ ਗਏ। ਆਪ ਜੀ ਭਗਤੀ ਭਾਵਨਾ ਵਿਚ ਐਸੇ ਲੀਨ ਹੋਏ ਕਿ ਪਸ਼ੂਆਂ ਨੇ ਕਿਸਾਨ ਦਾ ਹਰਿਆ ਭਰਿਆ ਖੇਤ ਉਜਾੜ ਦਿੱਤਾ। ਕਿਸਾਨ ਇਹ ਸਭ ਦੇਖ ਕੇ ਗੁੱਸੇ ਨਾਲ ਭਰ ਗਿਆ ਤੇ ਰਾਏ ਬੁਲਾਰ ਜੀ ਪਾਸ ਜਾ ਕੇ ਸ਼ਿਕਾਇਤ ਕੀਤੀ। ਜਦ ਵਾਪਸ ਆ ਕੇ ਦੇਖਿਆ ਤਾਂ ਖੇਤ ਹਰਾ ਭਰਿਆ ਲਹਿਰਾ ਰਿਹਾ ਸੀ। ਇਹ ਕੌਤਕ ਦੇਖ ਕੇ ਸਭ ਹੈਰਾਨ ਰਹਿ ਗਏ। "ਗਿਆਨੀ ਜੋਰਾਵਰ ਸਿੰਘ ਪੰਜ ਸਾਲ ਤੋਂ ਇੱਥੇ ਗ੍ਰੰਥੀ ਦੀ ਡਿਊਟੀ ਨਿਭਾ ਰਹੇ ਹਨ। ਸਵੇਰੇ-ਸ਼ਾਮ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਹੁੰਦਾ ਹੈ। ਇਸ ਸਮੇਂ ਸਰੋਵਰ 'ਚ ਪਾਣੀ ਨਹੀਂ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਪੁਰਾਣੀ ਹੋਣ ਕਰਕੇ ਨਵੇਂ ਸਿਰਿਓਂ ਕੰਮ ਚੱਲ ਰਿਹਾ ਹੈ। ਜਿਸਦਾ ਪ੍ਰਬੰਧ ਅਵੈਕਿਊਈ ਟ੍ਰੱਸਟ ਪ੍ਰਾਪਰਟੀ ਬੋਰਡ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਰ ਰਹੇ ਹਨ।"[15]

"ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਸਥਾਨ ਉਪਰ ਬਹੁਤ ਹੀ ਸੁੰਦਰ ਗੁਰਦੁਆਰਾ ਬਣਾਇਆ। 1947 ਦੀ ਵੰਡ ਵੇਲੇ ਇਸ ਗੁਰਦੁਆਰੇ ਨੂੰ ਵੀ ਬੰਦ ਕਰ ਦਿੱਤਾ ਗਿਆ। ਸਿੱਖ ਸੰਗਤਾਂ ਦੇ ਦਰਸ਼ਨਾਂ ਵਾਸਤੇ 2014 ਤੋਂ ਬਾਅਦ ਇਸ ਗੁਰਦੁਆਰੇ ਨੂੰ ਖੋਲ੍ਹਿਆ ਗਿਆ ਇਸ ਗੁਰਦੁਆਰੇ ਦੇ ਸਰੋਵਰ ਦੀ ਸੇਵਾ ਪਟਿਆਲੇ ਤੋਂ ਆਏ ਸੰਤ ਬਾਬਾ ਗੁਰਮੁਖ ਸਿੰਘ ਜੀ ਨੇ ਕਰਵਾਈ ਸੀ।"[16]

6. **ਗੁਰਦੁਆਰਾ ਤੰਬੂ ਸਾਹਿਬ:** ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ 20 ਰੁਪਏ ਵਪਾਰ ਕਰਨ ਲਈ ਦਿੱਤੇ ਤਾਂ ਗੁਰੂ ਜੀ ਨੇ ਇਹਨਾਂ 20 ਰੁਪਈਆਂ ਦਾ ਚੁਹੜਕਾਣਾ ਵਿੱਚ ਬੈਠੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਦਿੱਤਾ। ਆਪਣੇ ਪਿਤਾ ਜੀ ਦੇ ਗੁੱਸੇ ਤੋਂ ਡਰਦੇ ਹੋਏ ਰੁੱਖ ਥੱਲੇ ਲੁੱਕ ਕੇ ਬੈਠ ਗਏ। ਰੁੱਖ ਨੇ ਗੁਰੂ ਜੀ ਨੂੰ ਛੁਪਾਉਣ ਲਈ ਆਪਣੀਆਂ ਟਹਿਣੀਆਂ ਝੁਕਾ ਦਿੱਤੀਆਂ ਤੇ ਇਸ ਦੀ ਸ਼ਕਲ ਤੰਬੂ ਵਰਗੀ ਬਣ ਗਈ। ਇਹ ਗੁਰਦੁਆਰਾ ਜਨਮ ਅਸਥਾਨ ਤੋਂ ਅੱਧਾ ਕਿਲੋਮੀਟਰ ਦੂਰ ਸਥਿਤ ਹੈ। "1947 ਦੀ ਵੰਡ ਤੋਂ ਬਾਅਦ ਕਈ ਦਹਾਕੇ ਗੁਰਦੁਆਰਾ ਤੰਬੂ ਸਾਹਿਬ ਬੰਦ ਰਿਹਾ। ਸੰਗਤਾਂ ਦੇ ਦਰਸ਼ਨਾਂ ਲਈ 1992 ਵਿੱਚ ਖੋਲ੍ਹਿਆ ਗਿਆ। ਇਸ ਗੁਰਦੁਆਰਾ ਸਾਹਿਬ ਪਾਸ ਖੁੱਲ੍ਹਾ ਗਰਾਊਂਡ ਹੈ ਜਿੱਥੇ ਸਿੱਖ ਮੁੰਡੇ ਤੇ ਕੁੜੀਆਂ ਦੀਆਂ ਖੇਡਾਂ ਲਈ ਇਸ ਨੂੰ ਵਰਤਿਆ ਜਾਂਦਾ ਹੈ। ਇੱਥੇ ਇੱਕ ਹਾਲ ਬਣਾਇਆ ਗਿਆ, ਜਿਸਦਾ ਨਾਮ ਗੁਰੂ ਨਾਨਕ ਦੇਵ ਜੀ ਦੀ ਭੈਣ ਦੇ ਨਾਮ ਪੁਰ 'ਬੀਬੀ ਨਾਨਕੀ ਹਾਲ' ਰੱਖਿਆ।"[17]

ਗੁਰਦੁਆਰਾ ਨਿਹੰਗ ਸਿੰਘਾਂ ਦੇ ਕਬਜੇ ਵਿੱਚ ਸੀ। ਇਸ ਪਾਵਨ ਅਸਥਾਨ ਦੇ ਨਾਂ ਤੇ ਕੋਈ ਜਮੀਨ ਨਹੀਂ ਸੀ। ਇਸ ਗੁਰਦੁਆਰਾ ਸਾਹਿਬ ਦੇ ਮਹੰਤ ਭਾਈ ਸ਼ਰਨ ਸਿੰਘ ਨੇ ਕਮੇਟੀ ਦੇ ਅਧੀਨ ਗੁਰਦੁਆਰਾ ਸਾਹਿਬ ਦੀ ਸੇਵਾ ਲੈ ਲਈ ਪ੍ਰੰਤੂ ਨਿਹੰਗ ਉਜਾਗਰ ਸਿੰਘ ਜਿਹਨੇਂ ਤੰਬੂ ਸਾਹਿਬ ਦੇ ਲਾਗੇ ਪ੍ਰਕਾਸ਼ ਅਸਥਾਨ ਬਣਾਇਆ ਹੋਇਆ ਸੀ, ਕਮੇਟੀ ਦੀ ਵਿਰੋਧਤਾ ਕਰਦਾ ਰਿਹਾ, ਨਿਹੰਗਾਂ ਦਾ ਬਣਾਇਆ ਹੋਇਆ ਪ੍ਰਕਾਸ਼ ਅਸਥਾਨ ਅੱਜ ਵੀ ਨਿਹੰਗ ਸਿੰਘਾਂ ਦੀ ਛਾਉਣੀ ਦੇ ਨਾਂ ਤੇ ਗੁਰਦੁਆਰਾ ਤੰਬੂ ਸਾਹਿਬ ਦੇ ਨਾਲ ਹੀ ਕਾਇਮ ਹੈ।[18] ਯੂ. ਕੇ. ਦੇ ਸਿੱਖਾਂ ਨੇ ਇਥੇ ਰਹਿਣ ਲਈ ਇੱਕ ਬਲਾਕ ਬਣਾਇਆ ਹੈ ਤਾਂ ਜੋ ਯੂ.ਕੇ. ਤੋਂ ਆਏ ਹੋਏ ਯਾਤਰੀ ਇਥੇ ਠਹਿਰ ਸਕਣ। ਇਥੇ ਜੋ ਖੁੱਲ੍ਹੇ ਗਰਾਉਂਡ ਹਨ, ਉਨ੍ਹਾਂ ਨੂੰ ਇਥੇ ਰਹਿੰਦੇ ਸਿੱਖ ਮੁੰਡੇ ਅਤੇ ਕੁੜੀਆਂ ਦੀਆਂ ਖੇਡਾਂ ਕਰਵਾਉਣ ਲਈ ਵਰਤਿਆ ਜਾਂਦਾ ਹੈ। ਸੰਨ 2014 ਵਿਚ ਇੱਥੇ ਇੱਕ ਕ੍ਰਿਕਟ ਮੈਚ ਹੋਇਆ ਜਿਸ ਨੂੰ ਵੱਡੀ ਗਿਣਤੀ ਵਿਚ ਲੋਕਾਂ ਨੇ ਵੇਖਿਆ। ਪੁਰਾਣੇ ਤੰਬੂ ਸਾਹਿਬ ਗੁਰਦੁਆਰੇ ਦੇ ਕੋਲ ਇੱਕ ਨਵਾਂ ਹਾਲ ਬਣਾਇਆ ਗਿਆ ਹੈ, ਇਸ ਹਾਲ ਦਾ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਦੇ ਨਾਮ ਉਤੇ 'ਬੀਬੀ ਨਾਨਕੀ ਹਾਲ' ਰੱਖਿਆ ਗਿਆ ਹੈ।[19]

7. **ਗੁਰਦੁਆਰਾ ਰੋੜੀ ਸਾਹਿਬ:-** ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਬਾਬਰ ਨੇ ਏਮਨਾਬਾਦ ਕਸਬੇ ਉੱਪਰ ਕਾਫੀ ਲੁੱਟ ਮਾਰ ਕੀਤੀ ਤੇ ਕਤਲੇਆਮ ਹੋਇਆ। ਇਸ ਘਟਨਾ ਨੂੰ ਵੇਖ ਕੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਬਾਬਰ ਬਾਣੀ ਵਿੱਚ ਇਸ ਦਾ ਵਿਰੋਧ ਕੀਤਾ। "ਸਿੱਖ ਇਤਿਹਾਸ ਵਿੱਚ ਇਸ ਗੱਲ ਦਾ ਜ਼ਿਕਰ ਹੈ ਕਿ ਬਾਬਰ ਦੇ ਸਿਪਾਹੀਆਂ ਨੇ ਗੁਰੂ ਨਾਨਕ ਦੇਵ ਜੀ ਤੇ ਹੋਰ ਕਈਆਂ ਨੂੰ ਕੈਦ ਕਰ ਲਿਆ। ਸਾਰਿਆਂ ਨੂੰ ਚੱਕੀ ਵਿੱਚ ਕਣਕ ਪੀਸਣ ਲਈ ਦਿੱਤੀ ਗਈ। ਇਹ ਕਥਾ ਪ੍ਰਚੱਲਤ ਹੈ ਗੁਰੂ ਨਾਨਕ ਦੇਵ ਜੀ ਸਮਾਧੀ ਵਿੱਚ ਲੀਨ ਹੋ ਗਏ ਤੇ ਉਹਨਾਂ ਦੀ ਚੱਕੀ ਆਪਣੇ ਆਪ ਚੱਲਣ ਲੱਗ ਪਈ। ਜਦੋਂ ਇਸ ਘਟਨਾ ਬਾਰੇ ਬਾਬਰ ਨੂੰ ਦੱਸਿਆ ਗਿਆ ਤਾਂ ਉਹ ਗੁਰੂ ਜੀ ਕੋਲ ਆਇਆ ਤੇ ਉਹਨਾਂ ਗੁਰੂ ਜੀ ਕੋਲੋਂ ਮੁਆਫੀ ਮੰਗੀ ਤੇ ਗੁਰੂ ਸਾਹਿਬ ਨੂੰ ਆਪਣੀ ਕੈਦ ਵਿੱਚੋਂ ਛੱਡ ਦਿੱਤਾ ਪ੍ਰੰਤੂ ਗੁਰੂ ਸਾਹਿਬ ਜੀ ਨੇ ਉਸਦੇ ਕੀਤੇ ਕਤਲੇਆਮ ਨੂੰ ਆਪਣੀ ਬਾਣੀ ਵਿੱਚ ਦਰਜ ਕਰਦਿਆਂ ਹੋਇਆ ਪਰਮਾਤਮਾ ਨੂੰ ਉਲਾਂਭਾ ਦਿੱਤਾ 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦu ਨ ਆਇਆ'। ਇਹ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਇਆ ਗਿਆ। ਇਹ ਲਾਲ ਇਟਾਂ ਦਾ ਬਣਿਆ ਹੋਇਆ ਹੈ। ਇਥੋਂ ਤੱਕ ਸ਼ਬਦ ਗੁਰਦੁਆਰਾ ਰੋੜੀ ਸਾਹਿਬ ਗੁਰਮੁਖੀ ਲਿਪੀ ਵਿੱਚ ਲਾਲ ਇੱਟਾਂ ਦੇ ਬਣਾ ਕੇ ਲਿਖੇ ਹੋਏ ਹਨ। ਇਸ ਸਰੋਵਰ ਦਾ ਪਾਣੀ ਹਰੇ ਰੰਗ ਦਾ ਦਿਖਾਈ ਦਿੰਦਾ ਹੈ। ਆਸ ਪਾਸ ਕਾਫੀ ਪੌਦੇ ਹਨ।"[20]

8. **ਗੁਰਦੁਆਰਾ ਪੰਜਾ ਸਾਹਿਬ:-** ਗੁਰਦੁਆਰਾ ਪੰਜਾ ਸਾਹਿਬ ਜੋ ਕਿ ਪਾਕਿਸਤਾਨ ਦੇ ਹਸਨ ਅਬਦਾਲ ਵਿਚ ਸਥਿਤ ਹੈ। ਵਲੀ ਕੰਧਾਰੀ ਇੱਕ ਮੁਸਲਿਮ ਪੀਰ ਸੀ ਜੋ ਕਿ ਉਚੇਰੀ ਪਹਾੜੀ ਉੱਪਰ ਆਪਣੇ ਧਾਰਮਿਕ ਅਕੀਦੇ ਅਨੁਸਾਰ ਮਾਰਫਤ ਦੇ ਰਸਤੇ ਨੂੰ ਧਾਰਨ ਕਰਨ ਲਈ ਸਮਾਧੀ ਲਾਈ ਬੈਠਾ ਸੀ। ਇੱਧਰ ਭਾਈ ਮਰਦਾਨਾ ਜੀ ਨੂੰ ਪਿਆਸ ਲੱਗਦੀ ਹੈ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਮਰਦਾਨੇ ਨੂੰ ਵਲੀ ਕੰਧਾਰੀ ਕੋਲ ਪਹਾੜੀ ਉੱਪਰ ਪਾਣੀ ਪੀਣ ਲਈ ਭੇਜਦੇ ਹਨ ਕਿਉਂਕਿ ਪਾਣੀ ਦਾ ਚਸ਼ਮਾ ਵਲੀ ਕੰਧਾਰੀ ਵੱਲ ਚਲਦਾ ਸੀ। ਭਾਈ ਮਰਦਾਨਾ ਜੀ ਦੀ ਪਾਣੀ ਪੀਣ ਵਾਲੀ ਗੱਲ ਦਾ ਵਲੀ ਕੰਧਾਰੀ ਨੇ ਜਵਾਬ ਨਾ ਦਿੱਤਾ। ਤਿੰਨ ਵਾਰ ਗੁਰੂ ਨਾਨਕ ਸਾਹਿਬ ਜੀ ਦੇ ਕਹਿਣ 'ਤੇ ਭਾਈ

ਮਰਦਾਨਾ ਜੀ ਵਲੀ ਕੰਧਾਰੀ ਪਾਸ ਪਾਣੀ ਪੀਣ ਲਈ ਗਏ। ਪਰੰਤੂ ਹਰ ਵਾਰ ਉਹਨਾਂ ਨੂੰ ਜਵਾਬ ਮਿਲਦਾ ਰਿਹਾ। ਗੁਰੂ ਨਾਨਕ ਸਾਹਿਬ ਜੀ ਨੇ ਪਾਣੀ ਦਾ ਚਸ਼ਮਾ ਖਿੱਚ ਲਿਆ ਤੇ ਭਾਈ ਮਰਦਾਨਾ ਜੀ ਨੂੰ ਪਾਣੀ ਦੀ ਪਿਆਸ ਤੋਂ ਮੁਕਤ ਕੀਤਾ। ਵਲੀ ਕੰਧਾਰੀ ਨੇ ਗੁੱਸੇ ਵਿਚ ਆ ਕੇ ਪਹਾੜੀ ਤੋਂ ਪੱਥਰ ਸੁੱਟ ਦਿੱਤਾ ਜਿਸ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਪੰਜਾ ਲਾ ਕੇ ਰੋਕ ਦਿੱਤਾ ਤੇ ਵਲੀ ਕੰਧਾਰੀ ਦਾ ਹੰਕਾਰ ਦੂਰ ਕੀਤਾ। ਗੁਰੂ ਨਾਨਕ ਸਾਹਿਬ ਜੀ ਦਾ ਪੰਜਾ ਅੱਜ ਵੀ ਮੌਜੂਦ ਹੈ। ਪਾਣੀ ਦਾ ਚਸ਼ਮਾ ਅੱਜ ਵੀ ਵਗ ਰਿਹਾ ਹੈ। ਪਾਕਿਸਤਾਨ ਵਿੱਚ ਵਿਸਾਖੀ ਸ੍ਰੀ ਪੰਜਾ ਸਾਹਿਬ ਵਿਖੇ ਮਨਾਈ ਜਾਂਦੀ ਹੈ। ਸਾਡਾ ਜਥਾ 2800 ਸ਼ਰਧਾਲੂਆਂ ਦੇ ਕਰੀਬ ਸੀ। ਜੋ ਕਿ ਤਿੰਨ ਜੱਥਿਆਂ ਵਿਚ ਬਾਘਾ ਬਾਰਡਰ ਤੋਂ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਲਿਆਂਦਾ ਗਿਆ। ਜੱਥਾ ਤੇਰਾਂ (13) ਅਪ੍ਰੈਲ ਨੂੰ ਰਵਾਨਾ ਹੋਇਆ ਤੇ 14 ਅਪ੍ਰੈਲ ਨੂੰ ਸ੍ਰੀ ਪੰਜਾ ਸਾਹਿਬ ਵਿਖੇ ਪਹੁੰਚਿਆ। 14 ਅਪ੍ਰੈਲ ਨੂੰ ਨਗਰ ਕੀਰਤਨ ਪੰਜਾਂ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਅਧੀਨ ਕੱਢਿਆ ਗਿਆ। ਇਹ ਨਗਰ ਕੀਰਤਨ ਬਾਹਰ ਬਾਜ਼ਾਰ ਵਿੱਚ ਨਾ ਜਾ ਕੇ ਸਿਰਫ ਗੁਰਦੁਆਰਾ ਸਾਹਿਬ ਦੇ ਚਾਰ ਦੁਆਰੀ ਅੰਦਰ ਹੀ ਕੱਢਿਆ ਗਿਆ।

9. ਗੁਰਦੁਆਰਾ ਸੱਚਾ ਸੌਦਾ ਸਾਹਿਬ ਚੂਹੜਕਾਣਾ:- ਚੂਹੜ ਕਾਣਾ ਮੰਡੀ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ 20 ਰੁਪਏ ਦੇ ਕੇ ਕੋਈ ਸੌਦਾ ਕਰਨ ਲਈ ਕਿਹਾ। ਗੁਰੂ ਸਾਹਿਬ ਜੀ ਨੇ ਰਸਤੇ ਵਿਚ ਬੈਠੇ ਭੁੱਖੇ ਸਾਧੂਆਂ ਨੂੰ ਇਹਨਾਂ 20 ਰੁਪਈਆਂ ਦਾ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ। ਜਦ ਘਰ ਗਏ ਤਾਂ ਪਿਤਾ ਮਹਿਤਾ ਕਾਲੂ ਜੀ ਨੇ ਪੁੱਛਿਆ, ਕਿ ਰੁਪਈਆਂ ਦਾ ਕੀ ਕੀਤਾ ਹੈ ਤਾਂ ਜਵਾਬ ਦਿੱਤਾ ਕਿ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਦਿੱਤਾ ਹੈ। ਤਾਂ ਪਿਤਾ ਜੀ ਨੇ ਗੁੱਸੇ ਵਿੱਚ ਆ ਕੇ ਗੁਰੂ ਸਾਹਿਬ ਜੀ ਦੇ ਚਪੇੜ ਮਾਰੀ। "ਗਿਆਨੀ ਸ਼ਾਮ ਸਿੰਘ ਜੋ ਕਿ ਛੇ ਸਾਲ ਤੋਂ ਗ੍ਰੰਥੀ ਦੀ ਡਿਊਟੀ ਨਿਭਾ ਰਹੇ ਹਨ। ਸਵੇਰੇ ਪੰਜ ਬਾਣੀਆਂ ਦਾ ਨਿਤਨੇਮ ਤੇ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ, ਆਰਤੀ ਤੇ ਸੋਹਿਲਾ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਅੱਠ ਏਕੜ ਵਿੱਚ ਹੈ ਤੇ ਸਰੋਵਰ ਬਣਿਆ ਹੋਇਆ ਹੈ। ਗੁਰਦੁਆਰਾ ਸੱਚਾ ਸੌਦਾ ਸਾਹਿਬ ਦੇ ਨਾਂ 250 ਏਕੜ ਜਮੀਨ ਹੈ। ਪਹਿਲਾਂ ਇਸ ਸ਼ਹਿਰ ਦਾ ਨਾਂ ਮੰਡੀ ਚੂਹੜਕਾਣਾ ਸੀ। ਫਿਰ ਇਸਦਾ ਨਾਂ ਸੱਚਾ ਸੌਦਾ ਸਾਹਿਬ ਪਿਆ। ਇਸ ਇਲਾਕੇ ਦਾ ਨਵਾਬ ਫਰੂ ਸੀ। ਇਸ ਨੂੰ ਫਰੂਕਾ ਬਾਗ ਵੀ ਕਿਹਾ ਜਾਂਦਾ ਹੈ। ਜੋ ਕਿ ਹੁਣ ਕਾਗਜ਼ੀ ਕਾਰਵਾਈ ਵਿੱਚ ਫਰੂਕਾ ਬਾਗ ਨਾਮ ਅਧੀਨ ਦਰਜ ਹੈ। ਇਸ ਦੀ ਰੇਲਵੇ ਸਟੇਸ਼ਨ ਤੋਂ 4 ਕਿਲੋਮੀਟਰ ਦੂਰੀ ਹੈ। ਇੱਥੇ ਪੁਰਾਤਨ ਵਣ ਦਾ ਰੁੱਖ ਹੈ। ਜਿਸਦੇ ਹੇਠਾਂ ਗੁਰੂ ਸਾਹਿਬ ਜੀ ਨੇ ਭੁੱਖੇ ਸਾਧੂਆਂ ਨੂੰ ਪ੍ਰਸ਼ਾਦਾ ਛਕਾਇਆ ਸੀ। ਪੁਰਾਤਨ ਖੂਹੀ ਵੀ ਹੈ। ਗੁਰੂ ਸਾਹਿਬ ਜੀ ਜਲ ਦੀ ਲੋੜ ਨੂੰ ਪੂਰਾ ਕਰਨ ਲਈ ਖੂਹੀ ਦੀ ਵਰਤੋਂ ਕਰਦੇ ਸਨ।"[21] "ਦੇਸ਼ ਦੀ ਵੰਡ ਵੇਲੇ ਇਹ ਗੁਰਦੁਆਰਾ ਬੰਦ ਕਰ ਦਿੱਤਾ ਗਿਆ ਸੀ ਜੋ ਕਿ ਬਾਅਦ ਵਿੱਚ ਸਿੱਖਾਂ ਦੇ ਬੇਨਤੀ ਕਰਨ 'ਤੇ ਪਾਕਿਸਤਾਨ ਸਰਕਾਰ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਲ ਕੇ 13 ਅਪ੍ਰੈਲ 1999 ਨੂੰ ਵਿਸਾਖੀ ਵਾਲੇ ਦਿਨ ਗੁਰਦੁਆਰੇ ਨੂੰ ਖੋਲ੍ਹਿਆ ਗਿਆ।"[22]

ਜਿਸ ਥਾਂ ਗੁਰੂ ਨਾਨਕ ਦੇਵ ਜੀ ਨੇ ਸਾਧੂਆਂ ਨੂੰ ਲੰਗਰ ਛਕਾਇਆ ਸੀ, ਉਸ ਥਾਂ ਗੁਰਦੁਆਰਾ ਬਣਿਆ ਹੋਇਆ ਹੈ। ਇਹ ਕਿਲੇ ਵਰਗਾ ਸੁੰਦਰ ਤੇ ਵਿਸ਼ਾਲ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਸ਼ਾਹੀ ਹੁਕਮ ਤੇ ਬਣਿਆ। ਇਸ ਦੇ ਨਾਂ ੨੫੦ ਵਿੱਘੇ ਜਮੀਨ ਹੈ। ਇੱਥੇ ਵਿਸਾਖੀ, ਮਾਘ ਸੁਦੀ ੧ ਅਤੇ ਕੱਤਕ ਪੁੰਨਿਆ ਨੂੰ ਮੇਲਾ ਲਗਦਾ ਸੀ।[23] ਏਥੇ ਉਦਾਸੀ ਪੁਜਾਰੀ ਸਨ, ਪਰੰਤੂ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਹੈ। ਇਹ ਨਗਰ ਪੁਰਾਣਾ ਜ਼ਿਮੀਦਾਰਾਂ ਸਿੱਖਾਂ ਦਾ ਹੈ ਅਤੇ ਸਟੇਸ਼ਨ ਰੇਲ ਦਾ ਲਹੌਰ ਲਾਇਲਪੁਰ ਰੇਲਵੇ ਲਾਇਨ ਉੱਤੇ ਹੈ। ਇਥੇ ਸਟੇਸ਼ਨ ਰੇਲਵੇ ਦੇ ਨੇੜੇ ਮੰਡੀ ਬਪਾਰ ਦੀ ਹੈ ਅਤੇ ਮੰਡੀ ਵਿੱਚ ਸੁੰਦਰ ਧਰਮਸ਼ਾਲਾ ਵੀ ਬਣੀ ਹੋਈ ਹੈ। ਸਟੇਸ਼ਨ ਦਾ ਨਾਮ ਚੂੜਕਾਣਾ ਹੈ। ਸਟੇਸ਼ਨ ਤੋਂ ਦੋ ਮੀਲ ਗੁਰਦੁਆਰਾ ਖਰਾ ਸੌਦਾ ਹੈ।[24]

10. ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ:- "ਜ਼ਿਲਾ ਸਿਆਲਕੋਟ ਰਾਵੀ ਨਦੀ ਦੇ ਕਿਨਾਰੇ ਮਹਾਰਾਜ ਜੀਤੇ ਰੰਧਾਵੇ ਦੇ ਪ੍ਰੇਮ ਕਰਕੇ ਸਾਰੀ ਜਗਤ ਯਾਤ੍ਰਾ ਕਰ ਅਨੰਤ ਜਗਤ ਜੀਵਾਂ ਦਾ ਉਧਾਰ ਕਰਦੇ ਇਥੇ ਬਹੁਤ ਦਿਨ ਨਿਵਾਸ ਕਰ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਗੁਰਿਆਈ ਦਾ ਤਖਤ ਦੇ ਕਰ ਕੇ ਸੰਮਤ 1596 ਅੱਸੂ ਦਿਨ 11 ਵਦੀ ਤਿਥੀ ਦਸਮੀ ਨੂੰ ਮਹਾਰਾਜ ਪਹਿਰ ਰਾਤ ਰਹਿੰਦੀ ਅਪਨੇ ਨਿਜ ਅਸਥਾਨ ਸਚਖੰਡ ਜੁਗੋ ਜੁਗ ਅਟੱਲ ਪਦਵੀ ਵਿਖੇ ਜਾ ਬਿਰਾਜੇ।"[25] "ਗਿਆਨੀ ਗੋਬਿੰਦ ਸਿੰਘ 23 ਸਾਲ ਤੋਂ ਹੈੱਡ ਗ੍ਰੰਥੀ ਦੀ ਡਿਊਟੀ ਨਿਭਾ ਰਹੇ ਹਨ। ਸਵੇਰੇ ਨਿਤਨੇਮ ਦੀਆਂ ਪੰਜ ਬਾਣੀਆਂ ਤੋਂ ਬਾਅਦ ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ। ਸ਼ਾਮ ਨੂੰ ਰਹਿਰਾਸ ਸਾਹਿਬ, ਆਰਤੀ ਅਤੇ ਸੋਹਿਲਾ ਸਾਹਿਬ ਦਾ ਪਾਠ ਰੋਜ਼ਾਨਾ ਕੀਤਾ ਜਾਂਦਾ ਹੈ। ਮਹਾਰਾਜਾ ਭੁਪਿੰਦਰ ਸਿੰਘ ਨੇ 1920 ਈਸਵੀ ਵਿੱਚ ਗੁਰੂ ਘਰ ਦੀ ਇਮਾਰਤ ਬਣਵਾਈ ਸੀ। ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਆਪਸੀ ਗੱਲਬਾਤ ਕਰਕੇ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਡੇਰਾ ਬਾਬਾ ਨਾਨਕ ਕੋਲ ਸਰਹੱਦ ਉੱਪਰ ਕੋਰੀਡੋਰ ਖੋਲ੍ਹਿਆ ਗਿਆ। ਜਿਸ ਦੀ ਬਦੌਲਤ ਅਜੋਕੇ ਸਮੇਂ ਦੌਰਾਨ ਰੋਜ਼ਾਨਾ ਹਜ਼ਾਰਾਂ ਵਿੱਚ ਸੰਗਤਾਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਇੱਕ ਦਿਨ ਲਈ ਜਾਂਦੇ ਹਨ। ਇਹ ਬਹੁਤ ਹੀ ਮਹੱਤਵਪੂਰਨ ਕਦਮ ਸੀ। ਸ੍ਰੀ ਕਰਤਾਰਪੁਰ ਸਾਹਿਬ ਦੇ ਨਾਮ 840 ਏਕੜ ਜਮੀਨ ਦਰਜ ਹੈ। 1532 ਈਸਵੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਆਉਂਦੇ ਹਨ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਧੀਨ ਸੀ। 1999 ਦੌਰਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਤੇ ਅਜੋਕੇ ਸਮੇਂ ਦੌਰਾਨ ਵੀ ਇਸ ਦੀ ਦੇਖਭਾਲ ਪਾਕਿਸਤਾਨ ਦੀ ਬਣੀ ਕਮੇਟੀ ਹੀ ਕਰ ਰਹੀ ਹੈ। ਗਿਆਨੀ ਜਗਤਾਰ ਸਿੰਘ ਤਿੰਨ ਸਾਲ ਤੋਂ ਗ੍ਰੰਥੀ ਦੀ ਡਿਊਟੀ ਨਿਭਾ ਰਹੇ ਹਨ। ਸੰਗਤਾਂ ਦੇ ਇਸ਼ਨਾਨ ਲਈ ਸਰੋਵਰ ਬਣਿਆ ਹੋਇਆ ਹੈ।"[26]

ਜਿਹੜਾ ਗੁਰਦੁਆਰਾ ਹੁਣ ਇਥੇ ਸਥਿਤ ਹੈ, ਇਹ ਮਹਾਰਾਜਾ ਰਣਜੀਤ ਸਿੰਘ ਨੇ 1830 ਈ: ਵਿਚ ਲਗਪਗ ਇੱਕ ਲੱਖ ਤੀਹ ਹਜ਼ਾਰ ਰੁਪਏ ਦੀ ਰਾਸ਼ੀ ਖ਼ਰਚ ਕੇ ਬਣਾਇਆ ਸੀ। ਗੁਰਦੁਆਰੇ ਦੇ ਆਲੇ-ਦੁਆਲੇ ਲੰਬੇ ਦਰੱਖ਼ਤ ਲੱਗੇ ਹੋਏ ਹਨ। ਸਾਰਾ ਸਾਲ ਸ਼ਰਧਾਲੂ ਇੱਥੇ ਦਰਸ਼ਨਾਂ

ਨੂੰ ਆਉਂਦੇ ਰਹਿੰਦੇ ਹਨ।[27] ਅਜੋਕੀ ਇਮਾਰਤ ਦੀ ਉਸਾਰੀ ਮਹਾਰਾਜਾ ਭੁਪਿੰਦਰ ਸਿੰਘ, ਮਹਾਰਾਜਾ ਪਟਿਆਲਾ ਦੀ ਦਿੱਤੀ ਇੱਕ ਲੱਖ ਪੈਂਤੀ ਹਜ਼ਾਰ ਛੇ ਸੌ ਰੁਪਏ ਦੀ ਰਕਮ ਨਾਲ ਉਸਾਰੀ ਗਈ। ਇਮਾਰਤ ਦੀ ਹੁਣ ੧੯੯੫ ਵਿੱਚ ਪਾਕਿਸਤਾਨ ਸਰਕਾਰ ਵੱਲੋਂ ਇੱਕ ਵਾਰ ਫਿਰ ਲੱਖਾਂ ਰੁਪਏ ਲਾ ਕੇ ਮੁਰੰਮਤ ਕਰਵਾਈ ਗਈ। ਇਮਾਰਤ ਸੁੰਦਰ ਤੇ ਵਿਸ਼ਾਲ ਹੈ। ਜੰਗਲ ਅਤੇ ਰਾਵੀ ਦੇ ਕਿਨਾਰੇ ਹੋਣ ਕਰਕੇ ਸੇਵਾ ਸੰਭਾਲ ਬਹੁਤ ਹੀ ਔਖਾ ਕੰਮ ਹੈ।[28]

ਦੇਸ਼ ਦੀ ਵੰਡ ਹੋਣ 'ਤੇ ਇਸ ਗੁਰਦੁਆਰੇ ਨੂੰ ਬੰਦ ਕਰ ਦਿੱਤਾ ਗਿਆ। 1980 ਦੇ ਅਖੀਰ ਵਿਚ ਜਦੋਂ ਅਮਰੀਕਾ ਤੋਂ ਸਰਦਾਰ ਗੰਗਾ ਸਿੰਘ ਤੇ ਮਲੇਸ਼ੀਆ ਤੋਂ ਸਰਦਾਰ ਜੋਗਿੰਦਰ ਸਿੰਘ ਇਸ ਗੁਰਦੁਆਰੇ ਦੇ ਦਰਸ਼ਨਾਂ ਲਈ ਆਏ ਤਾਂ ਇਸ ਸਥਾਨ ਉੱਤੇ ਸਾਰੇ ਪਾਸੇ ਰੁੱਖ ਸਨ। ਸ. ਜੋਗਿੰਦਰ ਸਿੰਘ ਜੋ ਕੁਆਲਾਲੰਪੁਰ ਵਿਚ ਵਕੀਲ ਹਨ, ਉਨ੍ਹਾਂ ਦੇ ਦੱਸਣ ਅਨੁਸਾਰ ਗੁਰਦੁਆਰੇ ਦੀ ਛੱਤ ਉਪਰ ਵੀ ਛੋਟੇ ਰੁੱਖਾਂ ਦੇ ਬੂਟੇ ਉੱਗਣੇ ਸ਼ੁਰੂ ਹੋ ਗਏ ਸਨ। ਗੁਰਦੁਆਰੇ ਦਾ ਗੁੰਬਦ ਵੱਡੀਆਂ ਬੰਦੂਕਾ ਚੱਲਣ ਕਾਰਨ ਨਸ਼ਟ ਹੋ ਚੁੱਕਾ ਸੀ। ਇਮਾਰਤ ਦੀ ਹਾਲਤ ਖ਼ਸਤਾ ਹੋ ਚੁੱਕੀ ਸੀ। ਦੇਸ਼ ਦੀ ਵੰਡ ਹੋ ਜਾਣ ਕਾਰਣ ਕਈ ਦਹਾਕੇ ਇਹ ਇਮਾਰਤ ਅਣਗੌਲਿਆਂ ਰਹੀ। ਸਰਦਾਰ ਗੰਗਾ ਸਿੰਘ ਢਿੱਲੋਂ ਦੇ ਦ੍ਰਿੜ੍ਹ ਇਰਾਦੇ ਤੇ ਕੋਸ਼ਿਸ਼ਾਂ ਸਦਕਾ ਇਸ ਗੁਰਦੁਆਰੇ ਦੀ ਤਿਆਰੀ ਕਰਵਾ ਕੇ ਇਸ ਨੂੰ ਪਹਿਲਾਂ ਵਾਲੀ ਹਾਲਤ ਵਿਚ ਲਿਆਂਦਾ ਗਿਆ ਤੇ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹਿਆ ਗਿਆ।[29] ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਦੀ ਪਿੱਛੇ ਪੁਰਾਣੀ ਅਤੇ ਅੱਗੇ ਸੁੰਦਰ ਨਵੀਂ ਤਸਵੀਰ ਛਾਪੀ ਹੋਈ ਸੀ । ਇਸ ਗੁਰਦੁਆਰੇ ਦੀ ਉਸਾਰੀ ਤੇ ਭਾਰਤ ਦੀ ਵੰਡ ਵੇਲੇ ਤੱਕ ਮਹਾਰਾਜਾ ਪਟਿਆਲਾ ਸਰਦਾਰ ਭੁਪਿੰਦਰ ਸਿੰਘ 1,35,600 ਰੁਪਏ ਖ਼ਰਚ ਕਰ ਚੁੱਕੇ ਸਨ, ਪ੍ਰੰਤੂ ਉਸਾਰੀ ਅਧੂਰੀ ਰਹਿ ਗਈ। 1995 ਵਿੱਚ ਇਹ ਸੰਪੂਰਣ ਕਰ ਦਿੱਤੀ ਗਈ। ਪਾਕਿਸਤਾਨ ਦੀ ਨਵੀਂ ਬਣੀ ਕਮੇਟੀ ਨੇ 2004 ਵਿੱਚ ਕੁਝ ਕੰਮ ਹੋਰ ਕਰਵਾਇਆ।[30]

11. ਗੁਰਦੁਆਰਾ ਗੁਰੂ ਰਾਮਦਾਸ ਜੀ, ਚੂਨਾ ਮੰਡੀ ਲਾਹੌਰ, ਪਾਕਿਸਤਾਨ:- ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ 1534 ਈਸਵੀ ਨੂੰ ਪਿਤਾ ਸ੍ਰੀ ਹਰਿਦਾਸ ਜੀ ਅਤੇ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਸਥਾਨ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਅਜੋਕੇ ਸਮੇਂ ਦੌਰਾਨ ਇਸ ਦਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਰ ਰਹੀ ਹੈ। "ਗਿਆਨੀ ਪਰਮਜੀਤ ਸਿੰਘ ਚਾਰ ਸਾਲ ਤੋਂ ਗ੍ਰੰਥੀ ਦੀ ਡਿਊਟੀ ਨਿਭਾ ਰਹੇ ਹਨ। ਗੁਰਦੁਆਰਾ ਸਾਹਿਬ ਦੋ ਏਕੜ ਦੇ ਵਿੱਚ ਬਣਿਆ ਹੋਇਆ ਹੈ। ਸਵੇਰੇ ਪੰਜ ਬਾਣੀਆਂ ਦਾ ਨਿਤਨੇਮ ਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ ਤੇ ਸ਼ਾਮ ਨੂੰ ਰਹਿਰਾਸ ਸਾਹਿਬ, ਆਰਤੀ ਤੇ ਸੋਹਿਲਾ ਸਾਹਿਬ ਦਾ ਰੋਜ਼ਾਨਾ ਜਾਪ ਕਰਦੇ ਹਨ। ਅੱਜ-ਕੱਲ੍ਹ ਇਹ ਆਜ਼ਮ ਨਵਾਬ ਮਾਰਕੀਟ ਚੂਨਾ ਮੰਡੀ ਵਿਚ ਸਥਿਤ ਹੈ। ਗੁਰਦੁਆਰਾ ਸਾਹਿਬ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਦੁਆਰਾ ਕੀਤੀ ਗਈ ਸੀ। ਪਾਕਿਸਤਾਨ ਦੀ ਕਮੇਟੀ ਨੇ 2010 ਤੋਂ ਬਾਅਦ ਗੁਰੂ ਘਰ ਦੀ ਇਮਾਰਤ ਨੂੰ ਸੰਭਾਲਿਆ ਤੇ ਪਹਿਲਾਂ ਦੀ ਤਰ੍ਹਾਂ ਹੂਬਹੂ ਰੱਖ ਕੇ ਇਸ ਦੀ ਲਮੇਰੇ ਸਮੇਂ ਤੱਕ ਠੀਕ ਰੱਖਣ ਲਈ ਪੱਥਰ ਨਾਲ ਮੁਰੰਮਤ ਕੀਤੀ।"[31] "ਕਈ ਦਹਾਕੇ ਇਸ ਗੁਰਦੁਆਰੇ ਉੱਪਰ ਉਦਾਸੀ ਸਾਧੂਆਂ ਦਾ ਕਬਜਾ ਰਿਹਾ। 1920 ਵਿੱਚ ਇਸਦਾ ਕੰਟਰੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਚਲਾ ਗਿਆ। 1947 ਦੀ ਵੰਡ ਵੇਲੇ ਇਹ ਗੁਰਦੁਆਰਾ ਕਾਫੀ ਸਮਾਂ ਬੰਦ ਕਰ ਦਿੱਤਾ ਗਿਆ ਸੀ। ਜਿਸ ਨੂੰ ਬਾਅਦ ਵਿੱਚ ਸਿੱਖਾਂ ਦੇ ਦਰਸ਼ਨਾਂ ਵਾਸਤੇ ਖੋਲ੍ਹਿਆ ਗਿਆ।"[32]

12. ਗੁਰਦੁਆਰਾ ਪੰਜਵੀਂ ਤੇ ਛੇਵੀਂ ਪਾਤਸ਼ਾਹੀ:- "ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਲਗਭਗ 120 ਸਾਲ ਬਾਅਦ 1600 ਈਸਵੀ ਦੇ ਆਸ-ਪਾਸ ਸਿੱਖਾਂ ਦੇ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨਨਕਾਣਾ ਸਾਹਿਬ ਆਏ ਸਨ। ਉਹਨਾਂ ਨੇ ਇਸ ਅਸਥਾਨ ਦੀ ਨਿਸ਼ਾਨਦੇਹੀ ਕੀਤੀ। ਜਿੱਥੇ ਗੁਰੂ ਜੀ ਦਾ ਜਨਮ ਹੋਇਆ। ਫਿਰ ਉਹਨਾਂ ਨੇ ਇੱਥੇ ਜਨਮ ਅਸਥਾਨ ਗੁਰਦੁਆਰਾ ਬਣਵਾਇਆ। ਜਿਸ ਸਥਾਨ ਉੱਤੇ ਗੁਰੂ ਅਰਜਨ ਦੇਵ ਜੀ ਠਹਿਰੇ ਸਨ, ਉੱਥੇ ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਬਾਅਦ ਵਿੱਚ 1615 ਈਸਵੀ ਨੂੰ ਛੇਵੀਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਵੀ ਨਨਕਾਣਾ ਸਾਹਿਬ ਆਏ ਸਨ। ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਣਾਇਆ ਗਿਆ ਹੈ। 1947 ਦੀ ਵੰਡ ਵੇਲੇ ਤੋਂ ਇਹ ਦੋਵੇਂ ਗੁਰਦੁਆਰੇ ਬੰਦ ਪਏ ਸਨ। ਕਾਫੀ ਸਮਾਂ ਪਹਿਲਾਂ ਇਹਨਾਂ ਗੁਰਦੁਆਰਿਆਂ ਨੂੰ ਸਿੱਖ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਖੋਲ੍ਹ ਦਿੱਤਾ ਗਿਆ ਹੈ। ਯਾਤਰੀਆਂ ਦੁਆਰਾ ਇਹਨਾਂ ਗੁਰਦੁਆਰਿਆਂ ਦੇ ਵੀ ਦਰਸ਼ਨ ਕੀਤੇ ਜਾਂਦੇ ਹਨ।"[33] ਇੱਥੋਂ ਦੇ ਭਾਈ ਸੰਤ ਸਿੰਘ ਜੀ ਪਿਛਲੇ ਅੱਠ ਸਾਲ ਤੋਂ ਗ੍ਰੰਥੀ ਦੀ ਸੇਵਾ ਨਿਭਾ ਰਹੇ ਹਨ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਹਨ, ਆਪਣੀ ਤਨਦੇਹੀ ਦੇ ਨਾਲ ਬਣਦਾ ਯੋਗਦਾਨ ਪਾ ਰਹੇ ਹਨ। ਸੁਰੱਖਿਆ ਕਰਮਚਾਰੀਆਂ ਵੱਲੋਂ ਗੁਰਦੁਆਰਾ ਸਾਹਿਬ ਅੰਦਰ ਹਰ ਤਰ੍ਹਾਂ ਦੀ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਦੇ ਮੱਦੇ ਨਜ਼ਰ ਡੇਹਰਾ ਸਾਹਿਬ ਲਾਹੌਰ, ਹਸਨ ਅਬਦਾਲ (ਪੰਜਾ ਸਾਹਿਬ) ਤੇ ਕਰਤਾਰਪੁਰ ਸਾਹਿਬ ਵਿਖੇ ਜੋ ਕਿ ਪਾਕਿਸਤਾਨ ਦੀ ਸਰਕਾਰ ਦੀ ਸੁਰੱਖਿਆ ਦੁਆਰਾ ਸੁਚੱਜੇ ਪ੍ਰਬੰਧ ਕੀਤੇ ਜਾਂਦੇ ਹਨ। ਪਾਕਿਸਤਾਨ ਵਿੱਚ ਵਸਦੇ ਸਿੱਖਾਂ ਨੂੰ ਪਾਕਿਸਤਾਨ ਦੀ ਸਰਕਾਰ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ, ਕਿਉਂਕਿ ਇਥੋਂ ਦੀ ਸਰਕਾਰ ਇੱਥੇ ਸਥਿਤ ਮੁਖ ਗੁਰਦੁਆਰਿਆਂ ਨੂੰ ਸੁਰੱਖਿਆ ਪ੍ਰਦਾਨ ਕਰ ਰਹੀ ਹੈ। ਅਜੋਕੇ ਸਮੇਂ ਦੌਰਾਨ ਪਾਕਿਸਤਾਨ ਦੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦਾ ਪ੍ਰਬੰਧ ਸੁਚਾਰੂ ਰੂਪ ਵਿੱਚ ਗੁਰ ਮਰਿਯਾਦਾ ਅਨੁਸਾਰ ਕਰ ਰਹੀ ਹੈ। ਹਰ ਸਾਲ ਭਾਰਤ ਵਿੱਚੋਂ ਅਨੇਕਾਂ ਸ਼ਰਧਾਲੂ ਇਹਨਾਂ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਜਾਂਦੇ ਹਨ। ਇਹਨਾਂ ਦੇ ਰਹਿਣ-ਸਹਿਣ ਲਈ ਵਧੀਆ ਪ੍ਰਬੰਧ ਕੀਤੇ ਜਾਂਦੇ ਹਨ। ਪਾਕਿਸਤਾਨ ਦੇ ਅਧਿਕਾਰੀ ਸਿੱਖ ਸ਼ਰਧਾਲੂਆਂ ਦੀ ਵਧੀਆ ਮਹਿਮਾਨ-ਨਿਵਾਜੀ ਤੇ ਸੇਵਾ ਕਰਦੇ ਹਨ।

ਹਵਾਲੇ ਤੇ ਟਿੱਪਣੀਆਂ:-

1. ਗਿਆਨੀ ਠਾਕੁਰ ਸਿੰਘ, ਸ੍ਰੀ ਗੁਰਦੁਆਰੇ ਦਰਸ਼ਨ, ਭਾ. ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, ਜਨਵਰੀ 2005, ਪੰਨਾ-12.
2. ਡਾ. ਮਨਜੀਤ ਸਿੰਘ ਸਿੱਧੂ, (ਪੰਜਾਬੀ ਅਨੁਵਾਦ) ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿਚ ਸਿੱਖ ਅਤੇ ਸਿੱਖ ਸੰਸਥਾਵਾਂ, ਫ਼ਰਵਰੀ 2019, ਪੰਨਾ-101-103.
3. ਇਕਬਾਲ ਕੇਸਰ, ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਿਕ ਪਵਿੱਤਰ ਅਸਥਾਨ, ਪ੍ਰਕਾਸ਼ਨ: ਪੰਜਾਬੀ ਇਤਿਹਾਸ ਬੋਰਡ, ਲਾਹੌਰ, ਪਾਕਿਸਤਾਨ, 1998, ਪੰਨੇ 34.
4. ਡਾ. ਮਨਜੀਤ ਸਿੰਘ ਸਿੱਧੂ, ਪੰਜਾਬੀ ਅਨੁ: ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿੱਚ ਸਿੱਖ ਅਤੇ ਸਿੱਖ ਸੰਸਥਾਵਾਂ, ਪ੍ਰਕਾਸ਼ਕ: ਸਾਤਵਿਕ ਬੁੱਕਸ 225, ਸਿਟੀ ਸੈਂਟਰ, ਅੰਮ੍ਰਿਤਸਰ, ਫ਼ਰਵਰੀ 2019, ਪੰਨੇ 103-104.
5. ਨਿੱਜੀ ਮੁਲਾਕਾਤ ਗਿਆਨੀ ਦਇਆ ਸਿੰਘ ਜੀ, ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ, ਪਾਕਿਸਤਾਨ.
6. ਡਾ. ਮਨਜੀਤ ਸਿੰਘ ਸਿੱਧੂ, (ਪੰਜਾਬੀ ਅਨੁਵਾਦ) ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿਚ ਸਿੱਖ ਅਤੇ ਸਿੱਖ ਸੰਸਥਾਵਾਂ, ਫ਼ਰਵਰੀ 2019, ਪੰਨਾ-103-104.
7. ਉਹੀ, ਪੰਨਾ 104.
8. ਨਿੱਜੀ ਮੁਲਾਕਾਤ ਗਿਆਨੀ ਸੁਖਬੀਰ ਸਿੰਘ ਜੀ, ਗੁਰਦੁਆਰਾ ਬਾਲ ਲੀਲ੍ਹਾ ਸਾਹਿਬ, ਪਾਕਿਸਤਾਨ.
9. ਇਕਬਾਲ ਕੇਸਰ, ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਿਕ ਪਵਿੱਤਰ ਅਸਥਾਨ, ਪ੍ਰਕਾਸ਼ਨ: ਪੰਜਾਬੀ ਇਤਿਹਾਸ ਬੋਰਡ, ਲਾਹੌਰ, ਪਾਕਿਸਤਾਨ, 1998, ਪੰਨਾ 40.
10. ਡਾ. ਮਨਜੀਤ ਸਿੰਘ ਸਿੱਧੂ, ਪੰਜਾਬੀ ਅਨੁ: ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿੱਚ ਸਿੱਖ ਅਤੇ ਸਿੱਖ ਸੰਸਥਾਵਾਂ, ਪ੍ਰਕਾਸ਼ਕ: ਸਾਤਵਿਕ ਬੁੱਕਸ 225, ਸਿਟੀ ਸੈਂਟਰ, ਅੰਮ੍ਰਿਤਸਰ, ਫ਼ਰਵਰੀ 2019, ਪੰਨੇ 113-114.
11. ਉਹੀ, ਪੰਨਾ 112.
12. ਨਿੱਜੀ ਮੁਲਾਕਾਤ ਗਿਆਨੀ ਹਰਚਰਨ ਸਿੰਘ ਜੀ, ਗੁਰਦੁਆਰਾ ਮਾਲ ਜੀ ਸਾਹਿਬ, ਪਾਕਿਸਤਾਨ.
13. ਡਾ. ਮਨਜੀਤ ਸਿੰਘ ਸਿੱਧੂ, (ਪੰਜਾਬੀ ਅਨੁਵਾਦ) ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿਚ ਸਿੱਖ ਅਤੇ ਸਿੱਖ ਸੰਸਥਾਵਾਂ, ਫ਼ਰਵਰੀ 2019, ਪੰਨਾ-116.
14. ਉਹੀ, ਪੰਨਾ 116.
15. ਨਿੱਜੀ ਮੁਲਾਕਾਤ ਗਿਆਨੀ ਜੋਰਾਵਰ ਸਿੰਘ ਜੀ, ਗੁਰਦੁਆਰਾ ਕਿਆਰਾ ਸਾਹਿਬ, ਪਾਕਿਸਤਾਨ.
16. ਡਾ. ਮਨਜੀਤ ਸਿੰਘ ਸਿੱਧੂ, (ਪੰਜਾਬੀ ਅਨੁਵਾਦ) ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿਚ ਸਿੱਖ ਅਤੇ ਸਿੱਖ ਸੰਸਥਾਵਾਂ, ਫ਼ਰਵਰੀ 2019, ਪੰਨਾ-117.
17. ਉਹੀ, ਪੰਨਾ 114-115.
18. ਇਕਬਾਲ ਕੇਸਰ, ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਿਕ ਪਵਿੱਤਰ ਅਸਥਾਨ, ਪ੍ਰਕਾਸ਼ਨ: ਪੰਜਾਬੀ ਇਤਿਹਾਸ ਬੋਰਡ, ਲਾਹੌਰ, ਪਾਕਿਸਤਾਨ, 1998, ਪੰਨਾ 52.
19. ਡਾ. ਮਨਜੀਤ ਸਿੰਘ ਸਿੱਧੂ, ਪੰਜਾਬੀ ਅਨੁ: ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿੱਚ ਸਿੱਖ ਅਤੇ ਸਿੱਖ ਸੰਸਥਾਵਾਂ, ਪ੍ਰਕਾਸ਼ਕ: ਸਾਤਵਿਕ ਬੁੱਕਸ 225, ਸਿਟੀ ਸੈਂਟਰ, ਅੰਮ੍ਰਿਤਸਰ, ਫ਼ਰਵਰੀ 2019, ਪੰਨੇ 114-115.
20. ਉਹੀ, ਪੰਨਾ 126.
21. ਨਿੱਜੀ ਮੁਲਾਕਾਤ ਗਿਆਨੀ ਸ਼ਾਮ ਸਿੰਘ ਜੀ, ਗੁਰਦੁਆਰਾ ਸੱਚਾ ਸੌਦਾ ਸਾਹਿਬ, ਪਾਕਿਸਤਾਨ.
22. ਡਾ. ਮਨਜੀਤ ਸਿੰਘ ਸਿੱਧੂ, (ਪੰਜਾਬੀ ਅਨੁਵਾਦ) ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿਚ ਸਿੱਖ ਅਤੇ ਸਿੱਖ ਸੰਸਥਾਵਾਂ, ਫ਼ਰਵਰੀ 2019, ਪੰਨਾ-120.
23. ਇਕਬਾਲ ਕੇਸਰ, ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਿਕ ਪਵਿੱਤਰ ਅਸਥਾਨ, ਪ੍ਰਕਾਸ਼ਨ: ਪੰਜਾਬੀ ਇਤਿਹਾਸ ਬੋਰਡ, ਲਾਹੌਰ, ਪਾਕਿਸਤਾਨ, 1998, ਪੰਨਾ 48.
24. ਗਿਆਨੀ ਠਾਕਰ ਸਿੰਘ, ਸ੍ਰੀ ਗੁਰਦੁਆਰੇ ਦਰਸ਼ਨ, ਪ੍ਰਕਾਸ਼ਕ: ਭਾਈ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, ਜਨਵਰੀ 2005, ਪੰਨੇ 17-18.
25. ਉਹੀ, ਪੰਨਾ 49.
26. ਨਿੱਜੀ ਮੁਲਾਕਾਤ ਗਿਆਨੀ ਗੋਬਿੰਦ ਸਿੰਘ ਜੀ, ਗੁਰਦੁਆਰਾ ਕਰਤਾਰਪੁਰ ਸਾਹਿਬ, ਪਾਕਿਸਤਾਨ.
27. ਡਾ. ਮਨਜੀਤ ਸਿੰਘ ਸਿੱਧੂ, ਪੰਜਾਬੀ ਅਨੁ: ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿੱਚ ਸਿੱਖ ਅਤੇ ਸਿੱਖ ਸੰਸਥਾਵਾਂ, ਪ੍ਰਕਾਸ਼ਕ: ਸਾਤਵਿਕ ਬੁੱਕਸ 225, ਸਿਟੀ ਸੈਂਟਰ, ਅੰਮ੍ਰਿਤਸਰ, ਫ਼ਰਵਰੀ 2019, ਪੰਨਾ 128.
28. ਇਕਬਾਲ ਕੇਸਰ, ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਿਕ ਪਵਿੱਤਰ ਅਸਥਾਨ, ਪ੍ਰਕਾਸ਼ਨ: ਪੰਜਾਬੀ ਇਤਿਹਾਸ ਬੋਰਡ, ਲਾਹੌਰ, ਪਾਕਿਸਤਾਨ, 1998, ਪੰਨਾ 190.
29. ਡਾ. ਮਨਜੀਤ ਸਿੰਘ ਸਿੱਧੂ, ਪੰਜਾਬੀ ਅਨੁ: ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿੱਚ ਸਿੱਖ ਅਤੇ ਸਿੱਖ ਸੰਸਥਾਵਾਂ, ਪ੍ਰਕਾਸ਼ਕ: ਸਾਤਵਿਕ ਬੁੱਕਸ 225, ਸਿਟੀ ਸੈਂਟਰ, ਅੰਮ੍ਰਿਤਸਰ, ਫ਼ਰਵਰੀ 2019, ਪੰਨਾ 130.
30. ਪ੍ਰੋ. ਬਸੰਤ ਸਿੰਘ ਬਰਾੜ, ਪਾਕਿਸਤਾਨ ਵਿੱਚ ਗੁਰਦੁਆਰਿਆਂ ਦੀ ਯਾਤਰਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ, 2017, ਪੰਨੇ 50-51.
31. ਨਿੱਜੀ ਮੁਲਾਕਾਤ ਗਿਆਨੀ ਪਰਮਜੀਤ ਸਿੰਘ ਜੀ, ਗੁਰਦੁਆਰਾ ਚੂਨਾ ਮੰਡੀ ਲਾਹੌਰ, ਪਾਕਿਸਤਾਨ.
32. ਡਾ. ਮਨਜੀਤ ਸਿੰਘ ਸਿੱਧੂ, (ਪੰਜਾਬੀ ਅਨੁਵਾਦ) ਡਾ. ਕੁਲਵਿੰਦਰ ਕੌਰ ਮਿਨਹਾਸ, ਪਾਕਿਸਤਾਨ ਵਿਚ ਸਿੱਖ ਅਤੇ ਸਿੱਖ ਸੰਸਥਾਵਾਂ, ਫ਼ਰਵਰੀ 2019, ਪੰਨਾ-139.
33. ਉਹੀ, ਪੰਨਾ 118.

*